6/17/2016-1ਵਿ.ਪ੍ਰ.2/1593569/1

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ - 2 ਸ਼ਾਖਾ)

ਮਿਤੀ, ਚੰਡੀਗੜ੍ਹ: 10-10-19

ਸੇਵਾ ਵਿਖ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ,
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ (ਸਿਵਲ)।

ਵਿਸ਼ਾ:- ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀ ਦੀ ਰਿਜਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਤਨਖਾਹ ਸਟੈਪ-ਅਪ ਕਰਕੇ ਅਨਾਮਲੀ ਦੂਰ ਕਰਨ ਬਾਰੇ ਸਪਸ਼ਟੀਕਰਨ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਰਾਜ ਸਰਕਾਰ ਦੇ ਗਸ਼ਤੀ ਪੱਤਰ ਨੰ; 8/5/2015-3ਪੀ.ਪੀ.1/42 ਮਿਤੀ 14.03.2017 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਜਨਰਲ ਕੈਟਾਗਰੀ ਦੇ ਸੀਨੀਅਰ ਕਰਮਚਾਰੀ ਦੀ ਰਿਜਰਵ ਕੈਟਾਗਰੀ ਦੇ ਜੂਨੀਅਰ ਕਰਮਚਾਰੀ ਦੇ ਬਰਾਬਰ ਤਨਖਾਹ ਸਟੈਪ-ਅਪ ਕਰਨ ਦਾ ਲਾਭ ਕੁਝ ਸ਼ਰਤਾਂ ਤੇ ਦਿੱਤਾ ਗਿਆ ਸੀ।

2. ਵਿਸ਼ਾ ਅੰਕਿਤ ਮਾਮਲੇ ਬਾਰੇ ਵੱਖ-ਵੱਖ ਵਿਭਾਗਾਂ ਵੱਲੋਂ ਮੰਗੇ ਜਾ ਰਹੇ ਸਪਸ਼ਟੀਕਰਨਾਂ ਬਾਰੇ ਵਿੱਤ ਵਿਭਾਗ ਵੱਲੋਂ ਹੇਠ ਅਨੁਸਾਰ ਫੈਸਲਾ ਲਿਆ ਗਿਆ ਹੈ:-

| ਲੜੀ ਨੰ: | ਪ੍ਰਸੋਨਲ ਵਿਭਾਗ ਵਲੋਂ ਪੁੱਛੇ ਨੁਕਤੇ | ਵਿੱਤ ਵਿਭਾਗ ਵੱਲੋਂ ਦਿੱਤੇ ਸਪਸ਼ਟੀਕਰਨ |
|---|---|---|
| 1. | ਪ੍ਰਸੋਨਲ ਵਿਭਾਗ ਦੇ ਪੱਤਰ ਮਿਤੀ 14.3.2017 ਅਨੁਸਾਰ ਜਨਰਲ ਕੈਟਾਗਰੀ ਦੇ ਸੀਨੀਅਰ ਅਧਿਕਾਰੀ/ਕਰਮਚਾਰੀਆਂ ਨੂੰ ਰਿਜਰਵ ਕੈਟਾਗਰੀ ਦੇ ਜੂਨੀਅਰ ਅਧਿਕਾਰੀਆਂ/ਕਰਮਚਾਰੀਆਂ ਦੇ ਬਰਾਬਰ ਤਨਖਾਹ ਸਟੈਪ-ਅੱਪ ਕਰਨ ਸਮੇਂ ਜੇਕਰ ਜੂਨੀਅਰ ਕਰਮਚਾਰੀ ਨੂੰ ਏ.ਸੀ.ਪੀ. ਦਾ ਲਾਭ ਮਿਲਿਆ ਹੋਇਆ ਹੈ, ਤਾਂ ਕੀ ਸੀਨੀਅਰ ਕਰਮਚਾਰੀ ਦੀ ਤਨਖਾਹ ਜੂਨੀਅਰ ਕਰਮਚਾਰੀ ਦੇ ਬਰਾਬਰ ਕਰਨ ਸਮੇਂ ਜੂਨੀਅਰ ਕਰਮਚਾਰੀ ਨੂੰ ਮਿਲੇ ਏ.ਸੀ.ਪੀ. ਦਾ ਲਾਭ ਵੀ ਸ਼ਾਮਲ ਕੀਤਾ ਜਾਣਾ ਹੈ? | ਜਨਰਲ ਕੈਟਾਗਰੀ ਦੇ ਕਰਮਚਾਰੀ ਨੂੰ ਉਸ ਤੋਂ ਜੂਨੀਅਰ ਰਿਜਰਵ ਕੈਟਾਗਰੀ ਦੇ ਕਰਮਚਾਰੀ ਦੀ ਉਸ ਤੋਂ ਪਹਿਲਾਂ ਹੋਈ ਤਰੱਕੀ ਕਾਰਨ ਸਿਰਫ ਨਾਰਮਲ ਤਨਖਾਹ ਵਿੱਚ ਹੋਏ ਵਾਧੇ ਦਾ ਲਾਭ ਹੀ ਮਿਲਣਯੋਗ ਹੋਵੇਗਾ ਭਾਵ ਰਿਜਰਵ ਕੈਟਾਗਰੀ ਦੇ ਕਰਮਚਾਰੀ ਨੂੰ ਏ.ਸੀ.ਪੀ.ਸਕੀਮ ਅਧੀਨ ਹੋਏ ਲਾਭ ਜਾਂ ਕੋਈ ਹੋਰ ਵਿਭਾਗੀ ਪ੍ਰੀਖਿਆ ਪਾਸ ਕਰਨ ਉਪਰੰਤ ਤਨਖਾਹ ਵਿੱਚ ਹੋਏ ਵਾਧੇ ਦਾ ਲਾਭ ਜਨਰਲ ਕੈਟਾਗਰੀ ਦੇ ਕਰਮਚਾਰੀ ਨੂੰ ਮਿਲਣਯੋਗ ਨਹੀਂ ਹੋਵੇਗਾ। |

Scanned by CamScanner

| | | |
|---|---|---|
| 2. | ਵਿੱਤ ਵਿਭਾਗ ਦੇ ਪੱਤਰ ਮਿਤੀ 13.10.2014 ਰਾਹੀਂ ਸੀਨੀਅਰ /ਜੂਨੀਅਰ ਦੀ ਤਨਖਾਹ ਸਟੇਪ-ਅੱਪ ਕਰਦੇ ਹੋਏ 38 ਮਹੀਨੇ ਦੇ ਏਰੀਅਰ ਦੀ ਸ਼ਰਤ ਲਗਾਈ ਗਈ ਹੈ। ਪ੍ਰਸੋਨਲ ਵਿਭਾਗ ਦੇ ਪੱਤਰ ਮਿਤੀ 14.3.2017 ਦੇ ਪੈਰ੍ਹਾ/3(ੳ) ਵਿੱਚ ਜਿਕਰ ਹੈ ਕਿ ਜਨਰਲ ਕੈਟਾਗਰੀ ਦੇ ਕਰਮਚਾਰੀਆਂ ਨੂੰ ਤਨਖਾਹ ਅਤੇ ਭੱਤੇ ਉਨ੍ਹਾਂ ਦੇ ਰਿਜਰਵ ਕੈਟਾਗਰੀ ਨਾਲ ਸਬੰਧਤ ਜੂਨੀਅਰ ਕਰਮਚਾਰੀਆਂ ਦੀ ਪਦ-ਉਨੱਤੀ ਦੀ ਮਿਤੀ ਤੋਂ ਨੋਸ਼ਨਲ ਆਧਾਰ ਤੇ ਮਿਲਣਯੋਗ ਹੋਣਗੇ ਜਦਕਿ ਉਨ੍ਹਾਂ ਨੂੰ ਤਨਖਾਹ ਦੇ ਸਟੇਪ-ਅੱਪ ਦਾ ਲਾਭ ਸਬੰਧਤ ਕਾਡਰ ਵਿੱਚ ਉਨ੍ਹਾਂ ਦੀ ਪਦ-ਉਨਤੀ ਦੀ ਅਸਲ ਮਿਤੀ ਤੋਂ ਮਿਲਣਯੋਗ ਹੋਵੇਗਾ। ਕੀ ਇਨ੍ਹਾਂ ਕੇਸਾਂ ਵਿੱਚ ਵਿੱਤ ਵਿਭਾਗ ਦੇ ਪੱਤਰ ਮਿਤੀ 13.10.2014 ਰਾਹੀਂ ਸੀਨੀਅਰ/ਜੂਨੀਅਰ ਦੀ ਤਨਖਾਹ ਸਟੇਪ-ਅੱਪ ਕਰਦੇ ਹੋਏ 38 ਮਹੀਨੇ ਦੇ ਏਰੀਅਰ ਦੀ ਸਰਤ ਲਾਗੂ ਹੋਵੇਗੀ। | ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਨੰਬਰ 3/34/99-3ਪੀਪੀ1/12565 ਮਿਤੀ 22.10.1999 ਅਨੁਸਾਰ catch up Principle ਅਨੁਸਾਰ automatically ਹਰ ਸਟੇਜ ਤੇ ਤਨਖਾਹ ਨੋਸਨਲ ਆਧਾਰ ਤੇ ਬਰਾਬਰ ਕਰਨੀ ਬਣਦੀ ਹੈ। ਪ੍ਰੰਤੂ ਹਰ ਸਟੇਜ ਤੇ ਏਰੀਅਰ ਨਹੀਂ ਦਿੱਤਾ ਜਾਣਾ ਹੈ। ਜਨਰਲ ਕੈਟਾਗਰੀ ਦੇ ਕਰਮਚਾਰੀ ਦੀ ਪੂਰੀ ਸਰਵਿਸ ਵਿੱਚ ਇਸ ਸਬੰਧੀ ਸਿਰਫ ਇਕ ਵਾਰ maximum 38 ਮਹੀਨੇ ਤੱਕ ਦਾ ਏਰੀਅਰ ਪਹਿਲੇ ਸਟੇਪ ਅੱਪ ਤੇ ਹੀ ਦਿੱਤਾ ਜਾਣਾ ਹੈ। |
| 3. | ਹਦਾਇਤਾਂ ਮਿਤੀ 14.3.2017 ਕਿਸ ਮਿਤੀ ਤੋਂ ਲਾਗੂ ਕੀਤੀਆ ਜਾਣੀਆ ਹਨ। | ਪ੍ਰਸੋਨਲ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 8/5/2015-3ਪੀਪੀ1/42 ਮਿਤੀ 14.3.2017 ਉਸ ਵਿਭਾਗ ਵਲੋਂ ਪਹਿਲਾਂ ਜਾਰੀ ਹਦਾਇਤਾਂ ਨੰ; 3/34/99-3ਪੀਪੀ1/12565 ਮਿਤੀ 22.10.1999 ਤੋਂ ਹੀ ਲਾਗੂ ਸਮਝੀਆਂ ਜਾਣ। ਜਿਹੜੇ ਕੇਸਾਂ ਵਿੱਚ ਜਨਰਲ ਕੈਟਾਗਰੀ ਦੇ ਕਰਮਚਾਰੀ ਦੀ ਬਣਦੀ ਸਬੰਧਿਤ ਪੱਦ-ਉੱਨਤੀ ਦੀ ਮਿਤੀ ਹਦਾਇਤਾਂ ਮਿਤੀ 22.10.1999 ਦੇ ਜਾਰੀ ਹੋਣ ਤੋਂ ਪਹਿਲਾਂ ਦੀ ਹੈ, ਉਹ ਲਾਭ ਜਨਰਲ ਕੈਟਾਗਰੀ ਦੇ ਕਰਮਚਾਰੀ ਦੀ ਹੋਈ ਪੱਦ-ਉੱਨਤੀ ਦੀ ਮਿਤੀ ਤੋਂ ਨੋਸ਼ਨਲ ਆਧਾਰ ਤੇ ਦਿੱਤਾ ਜਾਵੇ ਪਰੰਤੂ ਇਸ ਦਾ ਅਸਲ ਲਾਭ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਦੀ ਮਿਤੀ ਭਾਵ 22.10.1999 ਤੋਂ ਹੀ ਮਿਲਣਯੋਗ ਹੋਵੇਗਾ ਬਸਰਤੇ ਕਿ ਸਬੰਧਤ ਜਨਰਲ ਕੈਟਾਗਰੀ ਦਾ ਕਰਮਚਾਰੀ ਇਨ੍ਹਾਂ ਹਦਾਇਤਾਂ ਦੇ ਜਾਰੀ ਹੋਣ ਦੀ ਮਿਤੀ 22.10.1999 ਨੂੰ ਸਰਕਾਰੀ ਸੇਵਾ ਵਿੱਚ ਹੋਵੇ ਭਾਵ ਇਸ ਮਿਤੀ ਤੋਂ ਪਹਿਲਾਂ ਸੇਵਾ ਨਵਿਰਤ ਹੋਏ ਕਰਮਚਾਰੀਆਂ ਨੂੰ ਇਨ੍ਹਾਂ ਹਦਾਇਤਾਂ ਅਧੀਨ ਬਣਦਾ ਲਾਭ ਮਿਲਣਯੋਗ ਨਹੀਂ ਹੋਵੇਗਾ। ਜਿਹੜੇ ਕਰਮਚਾਰੀਆਂ ਦੀ ਸਬੰਧਤ ਪੱਦ-ਉੱਨਤੀ ਦੀ ਮਿਤੀ |

Scanned by CamScanner

| | |
|---|---|
| | ਉਪਰੋਕਤ ਹਦਾਇਤਾਂ ਮਿਤੀ 22.10.1999 ਦੇ ਜਾਰੀ ਹੋਣ ਦੀ ਮਿਤੀ ਤੋਂ ਪਹਿਲਾਂ ਦੀ ਹੋਵੇ ਤਾਂ ਉਸ ਕੇਸ ਵਿੱਚ maximum 38 ਮਹੀਨੇ ਦਾ ਏਰੀਅਰ ਵੀ ਮਿਤੀ 22.10.1999 ਤੋਂ ਜਾਂ ਜਿਸ ਮਿਤੀ ਤੋਂ ਅਨਾਮਲੀ ਪੈਦਾ ਹੋਈ ਹੈ, ਜੋ ਵੀ ਬਾਅਦ ਵਿਚ ਹੋਵੇ, ਤੋਂ ਹੀ ਮਿਲਣਯੋਗ ਹੋਵੇਗਾ। |

3. ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਕੇਸਾਂ ਵਿਚ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਪਹਿਲਾਂ ਦੀ ਮਿਤੀ ਵਿਚ ਪ੍ਰਸੋਨਲ ਵਿਭਾਗ ਦੀਆਂ ਹਦਾਇਤਾਂ ਮਿਤੀ 14.03.2017 ਅਨੁਸਾਰ ਫੈਸਲਾ ਲੈਂਦੇ ਹੋਏ ਬਣਦੇ ਵਿੱਤੀ ਲਾਭਾਂ ਦੀ ਸਮਰੱਥ ਅਥਾਰਿਟੀ ਵੱਲੋਂ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ, ਉਨ੍ਹਾਂ ਦੀ ਰਿਕਵਰੀ ਨਹੀਂ ਕੀਤੀ ਜਾਵੇਗੀ ਪ੍ਰੰਤੂ ਅਜਿਹੇ ਕੇਸਾਂ ਵਿਚ ਹਥਲੀਆਂ ਹਦਾਇਤਾਂ ਅਨੁਸਾਰ ਤਨਖਾਹ/ਪੈਨਸ਼ਨ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਮੁੜ ਨਿਰਧਾਰਿਤ (Re-fix) ਕੀਤੀ ਜਾਵੇਗੀ।

4. ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿਚ ਇੰਨ-ਬਿਨ ਪਾਲਣਾ ਹਿੱਤ ਲਿਆ ਦਿੱਤਾ ਜਾਵੇ।

ਵਿਸ਼ਵਾਸ ਪਾਤਰ,

ਅਧੀਨ ਸਕੱਤਰ, ਵਿੱਤ

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਵਿੱਤ

ਸੇਵਾ ਵਿਖੇ,

ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਅੰ.ਵਿ.ਪੱ.ਨੰ: 6/17/2016-1ਵਿ.ਪ੍ਰ.2/1593569/2 ਮਿਤੀ, ਚੰਡੀਗੜ੍ਹ: 10/10/19
ਪਿ.ਅੰ.ਨੰ: 6/17/2016-1ਵਿ.ਪ੍ਰ.2/1593569/3-4 ਮਿਤੀ, ਚੰਡੀਗੜ੍ਹ: 10/10/19

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ (ਪੜਤਾਲ) ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਅਤੇ ਪ੍ਰਾਪਤੀਆਂ), ਪੰਜਾਬ, ਚੰਡੀਗੜ੍ਹ।

ਸੁਪਰਡੰਟ